
ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ

# ਆਓ ਗਾਈਏ



ਸਕੂਲ ਸਿੱਖਿਆ ਵਿਭਾਗ, ਪੰਜਾਬ

# ਵਿਸ਼ਾ ਸੂਚੀ




| ਲੜੀ ਨੰ. | ਕਵਿਤਾ | ਪੇਜ਼ ਨੰ. |
|---|---|---|
| 1. | ਮੁੰਨੀ | 1 |
| 2. | ਲੱਡੂ | 2 |
| 3. | ਮੇਰਾ ਘਰ | 3 |
| 4. | ਜੰਗਲ | 4 |
| 5. | ਹਾਥੀ | 5 |
| 6. | ਦਾਦੀ | 6 |
| 7. | ਆਰ. ਏ. ਟੀ. ਰੈਟ | 7 |
| 8. | ਚਿੜੀ | 8 |
| 9. | ਤੋਤਾ ਮਨਮੋਤਾ | 9 |
| 10. | ਕਾਂ | 10 |
| 11. | ਕੋਇਲ | 11 |
| 12. | ਤਾਰੇ ਚਮਕਣ | 12 |
| 13. | ਚਾਟ | 13 |
| 14. | ਬੀਜ | 14 |
| 15. | ਸਲਾਦ | 15 |
| 16. | ਦੁੱਧ ਪੀਓ | 16 |
| 17. | ਟਮਾਟਰ | 17 |
| 18. | ਫ਼ਲ | 18 |
| 19. | चंदा के गांव में | 19 |
| 20. | ਪੀਂ ਪੀਂ ਪੀਂ | 20 |
| 21. | ਰੇਲਗੱਡੀ | 21 |
| 22. | ਕਿਸ਼ਤੀ | 22 |
| 23. | ਨਿੰਮ | 23 |
| 24. | ਹਵਾ | 24 |
| 25. | ਕਾਲ਼ਾ ਬੱਦਲ | 25 |
| 26. | ਗਿਣਤੀ | 26 |
| 27. | ਮੇਲਾ | 27 |
| 28. | ਟੈਲੀਫ਼ੋਨ | 28 |
| 29. | ਸਾਇਕਲ | 29 |

| ਲੜੀ ਨੰ. | ਕਵਿਤਾ | ਪੇਜ਼ ਨੰ. |
|---|---|---|
| 30. | मुझे बिल्ली ने जगाया | 30 |
| 31. | ਲੋਰੀ | 31 |
| 32. | मछली | 32 |
| 33. | Johny, Johny! | 33 |
| 34. | Twinkle-Twinkle | 34 |
| 35. | Teddy Bear | 35 |
| 36. | ਰੱਬਾ-ਰੱਬਾ ਮੀਂਹ ਵਰਸਾ | 36 |
| 37. | चंदा मामा दूर के | 37 |
| 38. | ਈਂਗਣ-ਮੀਂਗਣ | 38 |
| 39. | Rain, rain go away | 39 |
| 40. | आलू-कचालू | 40 |
| 41. | ਇਤਲੀ-ਬਿਤਲੀ | 41 |
| 42. | ऊपर पंखा चलता है | 42 |
| 43. | Clap your hands | 43 |
| 44. | ਭੰਡਾ ਭੰਡਾਰੀਆ | 44. |
| 45. | Humpty Dumpty | 45 |
| 46. | ਕਿੱਕਲੀ | 46 |
| 47. | 1, 2, 3, 4, 5 | 47 |
| 48. | ਮਾਮਾ ਜੀ | 48 |
| 49. | ਤਿਤਲੀ | 49 |
| 50. | ਰੇਹੜੀ ਵਾਲਾ | 50 |
| 51. | ਪੋਸ਼ਮ ਪਾ | 51 |
| 52. | ਟੈਡੀ | 52 |
| 53. | ਸਾਬਣ | 53 |
| 54. | ਸੂਰਜ | 54 |
| 55. | ਪੂੜੀ | 55 |
| 56. | ਪਕੌੜਾ | 56 |
| 57. | ਮੇਰੇ ਮੈਡਮ | 57 |
| 58. | ਨਿੱਕੇ-ਨਿੱਕੇ ਬਾਲ | 58 |

# ਮੁੰਨੀ

ਨਿੱਕੀ ਜਿਹੀ ਮੈਂ ਮੁੰਨੀ

ਗਲ਼ 'ਚ ਪਾਈ ਚੁੰਨੀ

ਪੈਰੀਂ ਮੇਰੇ ਬੂਟ

ਕਿੰਨਾ ਸੋਹਣਾ ਸੂਟ



# ਲੱਡੂ

ਕਿੰਨੇ ਲੱਡੂ ਮੇਰੇ ਕੋਲ

ਪੀਲ਼ੇ-ਪੀਲ਼ੇ, ਗੋਲ਼-ਮਟੋਲ

ਮਿੱਠਾ-ਮਿੱਠਾ ਸਵਾਦ ਹੈ

ਸਾਰਿਆਂ ਨੂੰ ਯਾਦ ਹੈ

ਜੀ ਕਰਦਾ ਮੈਂ ਸਾਰਾ ਖਾ ਲਾਂ

ਪੂਰਾ ਲੱਡੂ ਮੂੰਹ ਵਿੱਚ ਪਾ ਲਾਂ





# ਮੇਰਾ ਘਰ

ਮੈਂ ਤੇ ਦੀਦੀ ਘਰ ਬਣਾਇਆ
ਉੱਪਰ ਇੱਕ ਚੁਬਾਰਾ ਪਾਇਆ
ਮਿੱਟੀ ਦਾ ਤੇ ਗਾਰੇ ਦਾ
ਬਣਿਆ ਬੜੇ ਨਜ਼ਾਰੇ ਦਾ
ਚਿੜੀਏ-ਚਿੜੀਏ ਤੂੰ ਵੀ ਆ
ਆ ਕੇ ਇੱਕ ਆਲ੍ਹਣਾ ਪਾ
ਮਿਲ ਕੇ ਘਰ ਸਜਾਵਾਂਗੇ
ਸਭ ਨੂੰ ਫੇਰ ਦਿਖਾਵਾਂਗੇ

# ਜੰਗਲ

ਜੰਗਲ ਵਿੱਚ ਹਰਿਆਲੀ ਹੈ
ਹਰ ਪਾਸੇ ਖੁਸ਼ਹਾਲੀ ਹੈ
ਸ਼ੇਰ ਜੰਗਲ ਦਾ ਰਾਜਾ ਹੈ
ਹਾਥੀ ਇਸ ਦਾ ਮਾਲੀ ਹੈ




# ਹਾਥੀ

ਹਾਥੀ ਆਇਆ ਸ਼ਹਿਰ ਵਿੱਚ
ਵਾਹਵਾ ਨਹਾ ਕੇ ਨਹਿਰ ਵਿੱਚ

ਅੱਖ ਉਸਦੀ ਛੋਟੀ ਹੈ
ਖੱਲ ਬੜੀ ਪਰ ਮੋਟੀ ਹੈ

ਪੈਰ ਜਿਵੇਂ ਕੋਈ ਖੰਭੇ ਨੇ
ਮੋਟੇ ਨੇ ਤੇ ਲੰਬੇ ਨੇ

ਕਿੰਨਾ ਪਿਆਰਾ ਹਾਥੀ ਹੈ
ਹਾਥੀ ਮੇਰਾ ਸਾਥੀ ਹੈ




# ਦਾਦੀ

ਬੁੱਕਲ ਵਿੱਚ ਬਿਠਾਵੇ ਦਾਦੀ
ਲੋਰੀਆਂ ਖ਼ੂਬ ਸੁਣਾਵੇ ਦਾਦੀ
ਇੱਕ ਸੀ ਰਾਜਾ ਇੱਕ ਸੀ ਰਾਣੀ
ਰੋਜ਼ ਸੁਣਾਵੇ ਨਵੀਂ ਕਹਾਣੀ
ਕਰਦੀ ਉਹ ਬੜਾ ਹੀ ਪਿਆਰ
ਮੈਨੂੰ ਕਹੇ 'ਤੂੰ ਰਾਜ ਕੁਮਾਰ'




# ਆਰ. ਏ. ਟੀ. ਰੈਟ

ਆਰ.ਏ.ਟੀ. ਰੈਟ
ਚੂੰ-ਚੂੰ ਕਰਦਾ ਆਇਆ ਰੈਟ



ਸੀ.ਏ.ਟੀ. ਕੈਟ
ਮਿਆਊਂ-ਮਿਆਊਂ ਕਰਦੀ ਕੈਟ
ਰੈਟ ਦੇ ਪਿੱਛੇ ਭੱਜੀ ਕੈਟ



ਡੀ.ਓ.ਜੀ. ਡਾੱਗ
ਭਉਂ-ਭਉਂ ਕਰਦਾ ਡਾੱਗ
ਕੈਟ ਦੇ ਪਿੱਛੇ ਭੱਜਿਆ ਡਾੱਗ
ਡਰ ਗਈ ਕੈਟ
ਭੁੱਲ ਗਈ ਰੈਟ



# ਚਿੜੀ

ਚਿੜੀ ਰੋਜ਼ ਇੱਕ ਛੱਤ 'ਤੇ ਆਵੇ
ਚੀਂ-ਚੀਂ ਕਰਕੇ ਗੀਤ ਸੁਣਾਵੇ
ਸਵੇਰੇ-ਸਵੇਰੇ ਆਣ ਜਗਾਵੇ
ਦਾਣਾ ਚੁਗੇ ਫੁਰ-ਰ-ਰ ਉੱਡ ਜਾਵੇ






# ਤੋਤਾ ਮਨਮੋਤਾ

ਤੋਤਾ ਹਾਂ ਮੈਂ ਤੋਤਾ ਹਾਂ
ਤੋਤਾ ਮਨਮੋਤਾ ਹਾਂ
ਹਰਾ ਮੇਰਾ ਰੰਗ ਹੈ
ਚੁੰਝ ਮੇਰੀ ਲਾਲ ਹੈ
ਟੈਂ -ਟੈਂ ਕਰਕੇ ਪੁੱਛਦਾ ਹਾਂ
ਕੀ ਹਾਲ-ਚਾਲ ਹੈ?

# ਕਾਂ

ਕਾਂ 'ਕਾਂ-ਕਾਂ' ਕਰਦਾ ਰਹਿੰਦਾ
ਘੁੱਗੀ ਦੇ ਨਾਲ਼ ਲੜਦਾ ਰਹਿੰਦਾ

ਮੈਂ ਕਿਹਾ ਨਾ ਲੜਿਆ ਕਰ
ਫੜ੍ਹ ਕੇ ਕੈਦਾ ਪੜ੍ਹਿਆ ਕਰ





# ਕੋਇਲ

ਕਿੰਨੀ ਪਿਆਰੀ-ਪਿਆਰੀ ਕੋਇਲ

ਗੀਤਾਂ ਦੀ ਫੁਲਵਾੜੀ ਕੋਇਲ

ਮਿੱਠੇ ਗੀਤ ਸੁਣਾਉਂਦੀ ਏ

ਸਭ ਦੇ ਮਨ ਨੂੰ ਭਾਉਂਦੀ ਏ

# ਤਾਰੇ ਚਮਕਣ

ਤਾਰੇ ਚਮਕਣ
ਅੱਖਾਂ ਝਪਕਣ

ਸੋਹਣੇ ਲੱਗਦੇ
ਗੱਲਾਂ ਕਰਦੇ

ਪਿਆਰੇ-ਪਿਆਰੇ
ਸਭ ਤੋਂ ਨਿਆਰੇ

ਚੰਦ ਦੇ ਦੁਲਾਰੇ
ਸਾਰੇ ਦੇ ਸਾਰੇ



# ਚਾਟ

ਭਾਲੂ ਨੇ ਹੈ ਚਾਟ ਬਣਾਈ
ਖ਼ੂਬ ਸੁਆਦ ਬਣੀ ਹੈ ਭਾਈ

ਮਾਣੋ ਬਿੱਲੀ ਭੱਜ ਕੇ ਆਈ
ਆਪਣੇ ਮਿੱਤਰ ਨਾਲ਼ ਲਿਆਈ

ਸਾਰੇ ਰਲ਼ ਕੇ ਖਾਵਾਂਗੇ
ਨੱਚਾਂਗੇ ਤੇ ਗਾਵਾਂਗੇ



# ਬੀਜ

ਨਿੱਕਾ ਜਿਹਾ ਮੈਂ ਬੀਜ ਹਾਂ
ਮੈਂ ਬੜੀ ਹੀ ਚੀਜ਼ ਹਾਂ

ਮੈਨੂੰ ਧਰਤੀ ਵਿੱਚ ਦਬਾਉ
ਥੋੜ੍ਹਾ-ਥੋੜ੍ਹਾ ਪਾਣੀ ਪਾਉ

ਵੱਡਾ ਹੋ ਕੇ ਰੁੱਖ ਬਣ ਜਾਵਾਂ
ਸਭ ਨੂੰ ਦੇਵਾਂ ਠੰਢੀਆਂ ਛਾਵਾਂ




# ਸਲਾਦ

ਗੋਲ਼-ਗੋਲ਼ ਟਮਾਟਰ ਲਾਲ
ਗਾਜਰ ਬੈਠੀ ਦੇਖੋ ਨਾਲ਼

ਮੂਲ਼ੀ ਅਤੇ ਪਿਆਜ਼ ਰਲ਼ਾ ਕੇ
ਸਾਰਿਆਂ ਦਾ ਸਲਾਦ ਬਣਾ ਕੇ

ਰੋਟੀ ਦੇ ਨਾਲ਼ ਖਾਂਦੇ ਹਾਂ
ਤਕੜੇ ਹੁੰਦੇ ਜਾਂਦੇ ਹਾਂ



# ਦੁੱਧ ਪੀਓ

ਦੁੱਧ ਪੀ ਕੇ ਤਕੜੇ ਹੋਈਏ
ਨਾਲ਼ੇ ਖਾਈਏ ਲੱਡੂ

ਟਪ-ਟਪ ਮਾਰੋ ਛਾਲਾਂ
ਜਿਵੇਂ ਮਾਰਦੇ ਡੱਡੂ।



# ਟਮਾਟਰ

ਲਾਲ-ਲਾਲ ਟਮਾਟਰ ਖਾਓ
ਸੋਹਣੇ ਏਸ ਜਿਹੇ ਹੋ ਜਾਓ

ਕਿੰਨਾ ਸੁੰਦਰ ਗੋਲ਼-ਮਟੋਲ
ਖਾਣਾ ਹੈ ਤਾਂ ਜਲਦੀ ਬੋਲ



# ਫ਼ਲ

ਅੰਬ ਫ਼ਲਾਂ ਦਾ ਰਾਜਾ ਹੈ
ਮਿੱਠਾ ਤਾਜ਼ਾ-ਤਾਜ਼ਾ ਹੈ

ਜਿਹੜਾ ਖਾਵੇ ਸੇਬ ਅਨਾਰ
ਕਦੇ ਨਾ ਹੋਵੇ ਉਹ ਬਿਮਾਰ

ਖੱਟੇ-ਮਿੱਠੇ ਸੰਤਰੇ ਖਾਵੋ
ਛਿਲਕੇ ਕੂੜੇਦਾਨ 'ਚ ਪਾਵੋ



# चंदा के गाँव में

नीले आसमान में,
तारों की छाँव में
चंदा के गाँव में,
हम सैर करने जाएंगे,
हम सैर करने जाएंगे
हम रॉकेट पर उड़ जाएंगे
दायां हाथ आगे करो,
बायां हाथ आगे करो,
थोड़ा–थोड़ा इसे हिलाओ,
और फिर.... और फिर
घूम जाओ।

नीले आसमान में,
तारों की छाँव में
चंदा के गाँव में,
हम सैर करने जाएंगे,
हम सैर करने जाएंगे
हम रॉकेट पर उड़ जाएंगे।
दायां पैर आगे करो,
बायां पैर आगे करो,
थोड़ा–थोड़ा इसे हिलाओ,
और फिर.... और फिर
घूम जाओ।






# ਪੀਂ ਪੀਂ ਪੀਂ

ਰੇਲ ਕਰੇ ਛੁੱਕ-ਛੁੱਕ
ਛੁੱਕ-ਛੁੱਕ-ਛੁੱਕ
ਮੈਂ ਵੀ ਰੁਕਦਾ
ਤੂੰ ਵੀ ਰੁਕ

ਪੀਂ-ਪੀਂ, ਪੀਂ-ਪੀਂ
ਕਰਦੀ ਕਾਰ
ਮੇਲੇ ਜਾਣ ਲਈ
ਹੋਵੋ ਤਿਆਰ

ਬੱਸ ਕਰੇ ਪਾਂ-ਪਾਂ
ਪਾਂ-ਪਾਂ-ਪਾਂ
ਬਹਿ ਜ਼ੋ ਸਾਰੇ
ਮਿਲ ਗਈ ਥਾਂ




# ਰੇਲਗੱਡੀ

ਸਭ ਨੇ ਮਿਲ ਕੇ ਰੇਲ ਬਣਾਈ
ਪਟੜੀ ਉੱਤੇ ਖ਼ੂਬ ਦੌੜਾਈ

ਇੰਜਣ-ਡੱਬੇ ਆਪ ਬਣਾਏ
'ਛੁੱਕ-ਛੁੱਕ' ਕਰਦੀ ਦੌੜੀ ਜਾਏ

ਭੱਜਦੀ-ਭੱਜਦੀ ਕੂਕਾਂ ਮਾਰੇ
ਤਾੜੀ ਮਾਰਨ ਬੱਚੇ ਸਾਰੇ



# ਕਿਸ਼ਤੀ

ਕਾਪੀ ਵਿੱਚੋਂ ਕਾਗਜ਼ ਪਾੜ
ਕੀਤੀ ਕਿਸ਼ਤੀ ਅਸੀਂ ਤਿਆਰ

ਰੱਬਾ-ਰੱਬਾ ਮੀਂਹ ਵਰਸਾ ਦੇ
ਪਾਣੀ ਗ਼ਲੀਆਂ ਵਿੱਚ ਭਜਾ ਦੇ

ਕਿਸ਼ਤੀ ਅਸੀਂ ਚਲਾਉਣੀ ਹੈ
ਤੇਜ਼-ਤੇਜ਼ ਭਜਾਉਣੀ ਹੈ




# ਨਿੰਮ

ਨਿੰਮ ਦੀਆਂ ਨਮੋਲ਼ੀਆਂ
ਗੋਲ਼-ਗੋਲ਼ ਗੋਲ਼ੀਆਂ

ਹਰੇ-ਹਰੇ ਪੱਤੇ ਨੇ
ਸਾਰੇ ਕੱਚੇ-ਕੱਚੇ ਨੇ

ਛਾਂ ਬੜੀ ਠੰਢੀ ਹੈ
ਨਿੰਮ ਕਿੰਨੀ ਚੰਗੀ ਹੈ



# ਹਵਾ

ਪਤੰਗ ਮੈਂ ਬਣਾਈ
ਪੂਛ ਵੀ ਲਗਾਈ

ਰੰਗ ਸੋਹਣੇ-ਸੋਹਣੇ
ਬੜੇ ਮਨ ਮੋਹਣੇ

ਹਵਾ ਕਦ ਆਵੇਗੀ
ਪਤੰਗ ਨੂੰ ਉਡਾਵੇਗੀ



# ਕਾਲ਼ਾ ਬੱਦਲ

ਕਾਲ਼ਾ-ਕਾਲ਼ਾ ਬੱਦਲ ਆਇਆ
ਪਾਣੀ ਭਰ ਕੇ ਨਾਲ਼ ਲਿਆਇਆ
ਫੁੱਲ ਤੇ ਬੂਟੇ ਹੱਸਣਗੇ
ਬੱਚੇ ਛਮ-ਛਮ ਨੱਚਣਗੇ



# ਗਿਣਤੀ

ਇੱਕ, ਦੋ, ਤਿੰਨ, ਚਾਰ, ਪੰਜ
ਮੈਨੂੰ ਅੰਬ ਬੜਾ ਪਸੰਦ
ਛੇ, ਸੱਤ, ਅੱਠ, ਨੌ, ਦਸ
ਰੋਣਾ ਨਹੀਂ ਹੁਣ ਹੱਸ ਹੱਸ ਹੱਸ



# ਮੇਲਾ

ਸਵੇਰੇ ਉੱਠ ਕੇ ਨਹਾਵਾਂਗੇ
ਸੋਹਣੇ ਕੱਪੜੇ ਪਾਵਾਂਗੇ
ਮੇਲਾ ਵੇਖਣ ਜਾਵਾਂਗੇ

ਮੰਮੀ ਨੂੰ ਮਨਾਵਾਂਗੇ
ਚੀਜ਼ੀਆਂ ਲਿਆਵਾਂਗੇ
ਘਰੇ ਬਹਿ ਕੇ ਖਾਵਾਂਗੇ

ਆਪਾਂ ਇਕੱਠੇ ਜਾਵਾਂਗੇ
ਲੱਡੂ-ਪੇੜੇ ਖਾਵਾਂਗੇ
ਖੁਸ਼ੀਆਂ ਮਨਾਵਾਂਗੇ



# ਟੈਲੀਫ਼ੋਨ

ਟ੍ਰਿਨ-ਟ੍ਰਿਨ ਟੈਲੀਫ਼ੋਨ
ਹੈਲੋ! ਬੋਲ ਰਿਹਾ ਹੈ ਕੌਣ?
ਹਾਂ ਜੀ, ਵੀਰੇ ਜਲਦੀ ਆਉਣਾ
ਪੂਰੇ ਪੰਜ ਸਮੋਸੇ ਲਿਆਉਣਾ
ਇੱਕ, ਦੋ, ਤਿੰਨ, ਚਾਰ, ਪੰਜ
ਮੈਨੂੰ ਸਮੋਸੇ ਬੜੇ ਪਸੰਦ







# ਸਾਇਕਲ

ਤੁਰਦਾ ਸੀ ਮੈਂ ਪੈਦਲ
ਪਾਪਾ ਲਿਆਂਦੀ ਸਾਇਕਲ

ਰੰਗ ਇਹਦਾ ਲਾਲ ਹੈ
ਕਰਦੀ ਕਮਾਲ ਹੈ

ਕਹਿੰਦੇ ਮੇਰੇ ਸਾਥੀ
ਸਿੱਖਣੀ ਹੈ ਕਾਠੀ

ਅੱਧੀ ਕੈਂਚੀ ਲਾਉਂਦਾ ਹਾਂ
ਸਾਇਕਲ ਖ਼ੂਬ ਭਜਾਉਂਦਾ ਹਾਂ



# मुझे बिल्ली ने जगाया



मैं तो सो रहा था
मुझे बिल्ली ने जगाया
बोली म्याऊँ–म्याऊँ–म्याऊँ

मैं तो सो रहा था
मुझे कुत्ते ने जगाया
बोला भौं–भौं–भौं

मैं तो सो रहा था
मुझे मम्मी ने जगाया
बोलीं उठ–उठ–उठ



# ਲੋਰੀ

ਲੱਲਾ–ਲੱਲਾ ਲੋਰੀ
ਦੁੱਧ ਦੀ ਕਟੋਰੀ

ਪਾਪਾ ਮੇਰੇ ਰਾਜਾ
ਫਲ਼ ਖਾਂਦੇ ਤਾਜ਼ਾ

ਮੰਮੀ ਮੇਰੀ ਰਾਣੀ
ਪੀਂਦੇ ਠੰਢਾ ਪਾਣੀ

ਵੀਰ ਮੇਰਾ ਸੋਹਣਾ
ਬੜਾ ਮਨ ਮੋਹਣਾ


ਦੀਦੀ ਮੇਰੀ ਪਿਆਰੀ
ਸਭ ਦੀ ਦੁਲਾਰੀ

ਦਾਦਾ–ਦਾਦੀ ਪਿਆਰੇ
ਸਭ ਤੋਂ ਨਿਆਰੇ



# मछली

मछली जल की रानी है
जीवन उसका पानी है
हाथ लगाओ डर जाएगी
बाहर निकालो मर जाएगी
पानी में डालो बच जाएगी




# Johny, Johny!

Johny, Johny!
Yes, Papa
Eating sugar?
No, Papa
Telling lies?
No, Papa
Open your mouth!
Ha! Ha! Ha!



# Twinkle, twinkle, little star


Twinkle, twinkle, little star
How I wonder what you are !
Up above the world so high
Like a diamond in the sky
Twinkle, twinkle little star
How I wonder what you are !



# Teddy bear, Teddy bear

Teddy bear, Teddy bear,
Turn around!
Teddy bear, Teddy bear,
Touch the ground!
Teddy bear, Teddy bear,
Jump up high!
Teddy bear, Teddy bear,
Touch the sky!

Teddy bear, Teddy bear,
Bend down low!
Teddy bear, Teddy bear,
Touch your toes!



# ਰੱਬਾ-ਰੱਬਾ ਮੀਂਹ ਵਰਸਾ

ਰੱਬਾ-ਰੱਬਾ ਮੀਂਹ ਵਰਸਾ
ਸਾਡੀ ਕੋਠੀ ਦਾਣੇ ਪਾ
ਕਾਲ਼ੀਆਂ ਇੱਟਾਂ ਕਾਲ਼ੇ ਰੋੜ
ਮੀਂਹ ਵਰਸਾ ਦੇ ਜ਼ੋਰੋ-ਜ਼ੋਰ



# चंदा मामा दूर के

चंदा मामा दूर के

पूए पकाए पूर के

आप खाएं थाली में

मुन्ने को दें प्याली में

प्याली गई टूट

मुन्ना गया रूठ

नई प्याली लाएँगे

मुन्ने को मनाएँगे



# ਈਂਗਣ-ਮੀਂਗਣ

ਈਂਗਣ-ਮੀਂਗਣ
ਤਲ਼ੀ-ਤਲੀਂਗਣ
ਕਾਲ਼ਾ-ਪੀਲ਼ਾ ਡੱਕਰਾ
ਗੁੜ ਖਾਵਾਂ ਵੇਲ ਵਧਾਵਾਂ
ਮੂਲ਼ੀ-ਪੱਤਰਾ
ਪੱਤਰਾਂ ਵਾਲੇ ਘੋੜੇ ਆਏ
ਹੱਥ ਕੁਤਾੜੀ
ਪੈਰ ਕੁਤਾੜੀ
ਨਿੱਕਲ਼ ਬਾਲਿਆ ਤੇਰੀ ਵਾਰੀ!



# Rain, rain go away

Rain, rain go away

Come again another day


Rain, rain go away

Little Johny wants to play



# आलू कचालू


आलू कचालू बेटा कहां गए थे
बैंगन की टोकरी में सो रहे थे
बैंगन ने लात मारी रो रहे थे
मम्मी ने प्यार किया हंस रहे थे
पापा ने पैसे दिये नाच रहे थे
भैया ने लड्डू दिया खा रहे थे



# ਇਤਲੀ-ਬਿਤਲੀ

ਇਤਲੀ-ਬਿਤਲੀ
ਚੌੜੇ ਕੰਨ
ਬਾਗਾਂ ਵਿੱਚ ਖਲੋਤੀ ਜੰਨ
ਜੰਨ ਨੇ ਪੁੱਛਿਆ ਕਿਹੜਾ ਰਾਹ
ਵੱਜੇ ਢੋਲਕੀ
ਤੇਰਾ ਵਿਆਹ





# ऊपर पंखा चलता है

ऊपर पंखा चलता है

नीचे बेबी सोता है

सोते सोते भूख लगी

खा लो बेटा मूंगफली

मूंगफली में दाना नहीं

हम तुम्हारे मामा नहीं

# Clap your hands

Clap your hands

Tap your feet

Close your eyes

Laugh laugh laugh



# ਭੰਡਾ ਭੰਡਾਰੀਆ

ਭੰਡਾ ਭੰਡਾਰੀਆ
ਕਿੰਨਾ ਕੁ ਭਾਰ
ਇੱਕ ਮੁੱਠੀ ਚੁੱਕ ਲੈ
ਦੂਜੀ ਨੂੰ ਤਿਆਰ





# Humpty Dumpty

Humpty Dumpty sat on a wall
Humpty Dumpty had a great fall
All the king's horses and all the King's men
Could not put Humpty together again

# ਕਿੱਕਲੀ

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਸਿਰ 'ਤੇ ਸਜਾਈ ਦਾ




# 1, 2, 3, 4, 5

One two three four five

Once I caught a fish alive

Six seven eight nine ten

then I let it go again



# ਮਾਮਾ ਜੀ

ਮਾਮਾ ਜੀ ਆਏ ਨੇ
ਪੀਲ਼ੇ ਅੰਬ ਲਿਆਏ ਨੇ
ਛੇਤੀ-ਛੇਤੀ ਆਇਆ ਕਰੋ
ਚੀਜ਼ਾਂ ਹੋਰ ਲਿਆਇਆ ਕਰੋ



# ਤਿਤਲੀ

ਤਿਤਲੀ ਰਾਣੀ ਤਿਤਲੀ ਰਾਣੀ
ਰੰਗ-ਬੰਰਗੀ ਬੜੀ ਸਿਆਣੀ
ਫੁੱਲਾਂ ਉੱਤੇ ਬਹਿੰਦੀ ਹੈ
ਹੈਲੋ-ਹੈਲੋ ਕਹਿੰਦੀ ਹੈ



# ਰੇਹੜੀ ਵਾਲ਼ਾ

ਰੇਹੜੀ ਵਾਲ਼ਾ ਆਇਆ ਹੈ
ਕੇਲੇ-ਸੇਬ ਲਿਆਇਆ ਹੈ
ਆਓ ਸਾਰੇ ਰਲ਼ ਕੇ ਖਾਈਏ
ਖਾ ਕੇ ਸਾਰੇ ਸਿਹਤ ਬਣਾਈਏ



# ਪੋਸ਼ਮ ਪਾ

ਪੋਸ਼ਮ ਪਾ ਬਈ ਪੋਸ਼ਮ ਪਾ
ਡਮ-ਡਮ ਡਾ ਬਈ ਡਮ-ਡਮ ਡਾ
ਦੀਦੀ ਕਹਿੰਦੀ ਖੇਡੀ ਜਾ
ਖੇਡ-ਖੇਡ ਕੇ ਸਿੱਖੀ ਜਾ



# ਟੈਡੀ

ਮੇਰੇ ਕੋਲ ਇੱਕ ਟੈਡੀ
ਲੈ ਕੇ ਆਏ ਡੈਡੀ

ਉਸਦਾ ਰੰਗ ਗੁਲਾਬੀ
ਪਿੱਛੇ ਲੱਗੀ ਚਾਬੀ

ਚਾਬੀ ਜਦੋਂ ਘੁੰਮਾਉਂਦਾ
ਨੱਚ ਕੇ ਉਹ ਦਿਖਾਉਂਦਾ



# ਸਾਬਣ

ਸਾਬਣ ਵੀਰੇ ਹੱਥ ਮਿਲਾ
ਸਾਡੇ ਕੋਲੋਂ ਦੂਰ ਨਾ ਜਾ

ਸਾਨੂੰ ਸੋਹਣਾ ਸਾਫ਼ ਬਣਾ
ਸਾਡੀ ਮੈਲ਼ ਦੂਰ ਭਜਾ




# ਸੂਰਜ

ਰੋਜ਼ ਸਵੇਰੇ ਸੂਰਜ ਆਉਂਦਾ
ਕਿਰਨਾਂ ਦਾ ਹੈ ਜਾਲ਼ ਵਿਛਾਉਂਦਾ

ਕੁੱਕੜ ਕਹਿੰਦਾ ਉੱਠ ਜਾਓ ਹੁਣ
ਚਿੜੀਏ ਚੱਲ ਕੇ ਦਾਣਾ ਚੁਣ

ਬੰਟੀ ਚੱਲ ਸਕੂਲੇ ਚੱਲੀਏ
ਪੜ੍ਹੀਏ, ਲਿਖੀਏ, ਖੇਡੀਏ, ਮੱਲੀਏ



# ਪੂੜੀ

ਪੂੜੀ ਕੱਚੀ-ਕੱਚੀ
ਕੜਾਹੀ ਵਿੱਚ ਨੱਚੀ

ਥਾਲੀ ਵਿੱਚ ਆ ਗਈ
ਹਾਇ! ਸ਼ਰਮਾ ਗਈ

ਹੱਥ ਵਿੱਚ ਆਈ
ਮੂੰਹ ਵਿੱਚ ਪਾਈ


ਢਿੱਡ ਵਿੱਚ ਜਾ ਕੇ
ਬੜਾ ਘਬਰਾਈ



# ਪਕੌੜਾ

ਇਹ ਪਕੌੜਾ ਇਹ ਪਕੌੜਾ
ਨਾ ਇਹ ਮਿੱਠਾ ਨਾ ਇਹ ਕੌੜਾ

ਸੁਆਦ ਹੈ ਇਸ ਦਾ ਬੜਾ ਕਰਾਰਾ
ਜੀ ਕਰਦਾ ਮੈਂ ਖਾ ਜਾਂ ਸਾਰਾ



# ਮੇਰੇ ਮੈਡਮ

ਮੈਡਮ ਜੀ ਮੇਰਾ ਲੈਂਦੇ ਨਾਂ,
ਮੈਨੂੰ ਲੱਗਦੇ ਮੇਰੀ ਮਾਂ।

ਕਿੰਨਾ ਮੈਨੂੰ ਲਾਡ ਲਡਾਉਂਦੇ,
ਤਾਹੀਓਂ ਮੇਰੇ ਮਨ ਨੂੰ ਭਾਉਂਦੇ।



# ਨਿੱਕੇ-ਨਿੱਕੇ ਬਾਲ

ਅਸੀਂ ਨਿੱਕੇ-ਨਿੱਕੇ ਬਾਲ

ਗੱਲ੍ਹਾਂ ਸਾਡੀਆਂ ਲਾਲ-ਲਾਲ

ਗੋਲ਼-ਗੋਲ਼ ਅੱਖਾਂ

ਕਾਲ਼ੇ-ਕਾਲ਼ੇ ਵਾਲ਼





ਪ੍ਰਥਮ

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ